# ਗ੍ਰੇਡ 1 ਤੋਂ 12 ਵਿੱਚ ਸਿੱਖਣ ਦੇ ਹੁਨਰ ਅਤੇ ਕੰਮ ਦੀਆਂ ਆਦਤਾਂ

ਇਹ ਆਸ ਕੀਤੀ ਜਾਂਦੀ ਹੈ ਕਿ ਅਧਿਆਪਕ ਵਿਦਿਆਰਥੀਆਂ ਨਾਲ ਮਿਲ ਕੇ ਕੰਮ ਕਰਨਗੇ ਤਾਂ ਜੋ ਅੱਗੇ ਦਿੱਤੀ ਸਾਰਣੀ ਵਿੱਚ ਸ਼ਨਾਖਤ ਕੀਤੇ ਸਿੱਖਣ ਦੇ ਹੁਨਰ ਅਤੇ ਕੰਮ ਦੀਆਂ ਆਦਤਾਂ ਨੂੰ ਵਿਕਸਿਤ ਕਰਨ ਵਿੱਚ ਉਹਨਾਂ (ਵਿਦਿਆਰਥੀਆਂ) ਦੀ ਮਦਦ ਹੋ ਸਕੇ। ਹਰੇਕ ਹੁਨਰ ਅਤੇ ਆਦਤ ਲਈ, ਸਾਰਣੀ ਵਿੱਚ ਸਬੰਧਤ ਵਤੀਰਿਆਂ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ, ਸਿੱਖਣ ਦੇ ਹੁਨਰਾਂ ਅਤੇ ਕੰਮ ਦੀਆਂ ਆਦਤਾਂ ਦੀ ਹਦਾਇਤ, ਮੁਲਾਂਕਣ ਅਤੇ ਪੜਚੋਲ ਵਿੱਚ ਅਧਿਆਪਕਾਂ ਨੂੰ ਸੇਧ ਦੇਣ ਲਈ ਤਿਆਰ ਕੀਤੇ ਗਏ ਹਨ। ਨਮੂਨੇ ਵਾਲੇ ਵਤੀਰੇ ਸਹਾਇਤਾ ਦੇ ਇਰਾਦੇ ਨਾਲ ਦਿੱਤੇ ਗਏ ਹਨ ਨਾ ਕਿ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਅਸਰਦਾਇਕ ਸਿਖਾਂਦਰੂ ਬਣਨ ਵਿੱਚ ਮਦਦ ਲਈ ਉਹਨਾਂ ਦੇ ਯਤਨਾਂ ਨੂੰ ਰੋਕਣ ਦੇ ਇਰਾਦੇ ਨਾਲ ਦਿੱਤੇ ਗਏ ਹਨ, ਅਤੇ ਵੱਖ-ਵੱਖ ਗ੍ਰੇਡ ਪੱਧਰ 'ਤੇ ਇਹ ਵੱਖਰੇ ਦਿਖਾਈ ਦੇਣਗੇ।

ਗ੍ਰੇਡ 1 ਤੋਂ 12 ਵਿੱਚ ਸਿੱਖਣ ਦੇ ਹੁਨਰ ਅਤੇ ਕੰਮ ਦੀਆਂ ਆਦਤਾਂ

| ਸਿੱਖਣ ਦੇ ਹੁਨਰ ਅਤੇ ਕੰਮ ਦੀਆਂ ਆਦਤਾਂ | ਨਮੂਨੇ ਵਾਲੇ ਵਤੀਰੇ |
|---|---|
| **ਜ਼ਿੰਮੇਵਾਰੀ** | ਵਿਦਿਆਰਥੀ:<br>• ਸਿੱਖਣ ਵਾਲੇ ਮਾਹੌਲ ਦੇ ਅੰਦਰ ਜ਼ਿੰਮੇਵਾਰੀਆਂ ਅਤੇ ਪ੍ਰਤੀਬੱਧਤਾਵਾਂ ਨੂੰ ਪੂਰਾ ਕਰਦਾ ਹੈ;<br>• ਸਹਿਮਤ ਕੀਤੇ ਸਮਾਂ-ਸੀਮਾ ਅੰਦਰ ਕਲਾਸ ਦੇ ਕੰਮ, ਘਰ ਦੇ ਕੰਮ ਅਤੇ ਦਿੱਤੇ ਕੰਮਾਂ ਨੂੰ ਪੂਰਾ ਕਰਦਾ ਹੈ ਅਤੇ ਜਮਾਂ ਕਰਵਾਉਂਦਾ ਹੈ;<br>• ਆਪਣੇ ਵਿਹਾਰ ਦੀ ਜ਼ਿੰਮੇਵਾਰੀ ਲੈਂਦਾ ਅਤੇ ਅਤੇ ਇਸ ਦਾ ਪ੍ਰਬੰਧਨ ਕਰਦਾ ਹੈ। |
| **ਸੰਗਠਨ** | ਵਿਦਿਆਰਥੀ:<br>• ਕੰਮਾਂ ਅਤੇ ਕਾਰਜਾਂ ਨੂੰ ਪੂਰਾ ਕਰਨ ਲਈ ਯੋਜਨਾਵਾਂ ਅਤੇ ਪ੍ਰਕਿਰਿਆਵਾਂ ਬਣਾਉਂਦਾ ਅਤੇ ਉਹਨਾਂ ਦੀ ਪਾਲਣਾ ਕਰਦਾ ਹੈ;<br>• ਕੰਮਾਂ ਨੂੰ ਪੂਰਾ ਕਰਨ ਲਈ ਅਤੇ ਟੀਚੇ ਹਾਸਲ ਕਰਨ ਲਈ ਤਰਜੀਹਾਂ ਬਣਾਉਂਦਾ ਅਤੇ ਸਮੇਂ ਦਾ ਪ੍ਰਬੰਧਨ ਕਰਦਾ ਹੈ;<br>• ਕਾਰਜਾਂ ਨੂੰ ਮੁਕੰਮਲ ਕਰਨ ਲਈ ਸੂਚਨਾ, ਤਕਨੌਲੋਜੀ, ਅਤੇ ਸ੍ਰੋਤਾਂ ਦੀ ਪਹਿਚਾਣ, ਉਹਨਾਂ ਨੂੰ ਇੱਕਠਾ, ਅਤੇ ਉਹਨਾਂ ਦਾ ਮੁਲਾਂਕਣ ਕਰਦਾ ਹੈ। |
| **ਸੁਤੰਤਰ ਕੰਮ** | ਵਿਦਿਆਰਥੀ:<br>• ਕਾਰਜਾਂ ਨੂੰ ਪੂਰਾ ਕਰਨ ਤੇ ਟੀਚਿਆਂ ਨੂੰ ਪੂਰਾ ਕਰਨ ਲਈ ਸੁਤੰਤਰ ਤੌਰ 'ਤੇ ਯੋਜਨਾਵਾਂ ਦੀ ਨਿਗਰਾਨੀ, ਮੁਲਾਂਕਣ ਅਤੇ ਸੋਧ ਕਰਦਾ ਹੈ;<br>• ਕਾਰਜਾਂ ਨੂੰ ਪੂਰਾ ਕਰਨ ਲਈ ਕਲਾਸ ਦੇ ਸਮੇਂ ਦੀ ਢੁਕਵੇਂ ਢੰਗ ਨਾਲ ਵਰਤੋਂ ਕਰਦਾ ਹੈ;<br>• ਘੱਟ ਤੋਂ ਘੱਟ ਨਿਗਰਾਨੀ ਨਾਲ ਹਦਾਇਤਾਂ ਦੀ ਪਾਲਣਾ ਕਰਦਾ ਹੈ। |
| **ਸਹਿਯੋਗ** | ਵਿਦਿਆਰਥੀ:<br>• ਸਮੂਹ ਵਿੱਚ ਵੱਖ-ਵੱਖ ਭੂਮਿਕਾਵਾਂ ਅਤੇ ਕੰਮ ਦੀ ਇਕਸਾਰ ਵੰਡ ਨੂੰ ਸਵੀਕਾਰ ਕਰਦਾ ਹੈ;<br>• ਹੋਰਨਾਂ ਲੋਕਾਂ ਦੇ ਵਿਚਾਰਾਂ, ਰਾਏ, ਕਦਰਾਂ-ਕੀਮਤਾਂ ਅਤੇ ਰਵਾਇਤਾਂ ਪ੍ਰਤੀ ਹਾਂ-ਪੱਖੀ ਹੁੰਗਾਰਾ ਭਰਦਾ ਹੈ;<br>• ਨਿੱਜੀ ਅਤੇ ਮੀਡੀਆ ਦੀ ਸਹਾਇਤਾ ਵਾਲੇ ਸਮਾਜਿਕ ਮੇਲਜੋਲਾਂ ਦੇ ਜ਼ਰੀਏ ਹਮਉਮਰ ਲੋਕਾਂ ਵਿਚਾਲੇ ਸਿਹਤਮੰਦ ਰਿਸ਼ਤੇ ਕਾਇਮ ਕਰਦਾ ਹੈ।<br>• ਸਮੂਹਕ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਵਿਵਾਦਾਂ ਦਾ ਨਿਪਟਾਰਾਂ ਕਰਦੇ ਹੋਏ ਅਤੇ ਸਹਿਮਤੀ ਬਣਾਉਂਦੇ ਹੋਏ ਹੋਰਨਾਂ ਲੋਕਾਂ ਨਾਲ ਕੰਮ ਕਰਦਾ ਹੈ;<br>• ਸਮੱਸਿਆਵਾਂ ਦਾ ਨਿਪਟਾਰਾ ਕਰਨ ਅਤੇ ਫੈਸਲੇ ਲੈਣ ਲਈ ਜਾਣਕਾਰੀ, ਵਸੀਲਿਆਂ, ਅਤੇ ਮਹਾਰਤ ਨੂੰ ਸਾਂਝਾ ਕਰਦਾ ਹੈ ਅਤੇ ਆਲੋਚਨਾਤਮਕ ਸੋਚ ਨੂੰ ਪ੍ਰੋਤਸਾਹਿਤ ਕਰਦਾ ਹੈ। |
| **ਪਹਿਲ** | ਵਿਦਿਆਰਥੀ:<br>• ਸਿੱਖਣ ਲਈ ਨਵੇਂ ਵਿਚਾਰਾਂ ਅਤੇ ਮੌਕਿਆਂ ਦੀ ਤਲਾਸ਼ ਕਰਦਾ ਅਤੇ ਕਾਰਵਾਈ ਕਰਦਾ ਹੈ;<br>• ਨਵ-ਪਰਿਵਰਤਨ ਦੀ ਸਮਰੱਥਾ ਅਤੇ ਜੋਖ਼ਮ ਦੀ ਇੱਛਾ ਦਾ ਪ੍ਰਦਰਸ਼ਨ ਕਰਦਾ ਹੈ;<br>• ਸਿੱਖਣ ਵਿੱਚ ਉਤਸੁਕਤਾ ਅਤੇ ਦਿਲਚਸਪੀ ਦਾ ਪ੍ਰਦਰਸ਼ਨ ਕਰਦਾ ਹੈ;<br>• ਨਵੇਂ ਕਾਰਜਾਂ ਪ੍ਰਤੀ ਹਾਂ-ਪੱਖੀ ਰਵੱਈਏ ਨਾਲ ਪਹੁੰਚ ਕਰਦਾ ਹੈ;<br>• ਆਪਣੇ ਅਤੇ ਹੋਰਨਾਂ ਦੇ ਅਧਿਕਾਰਾਂ ਦੀ ਪਹਿਚਾਣ ਕਰਦਾ ਹੈ ਅਤੇ ਢੁਕਵੇਂ ਢੰਗ ਨਾਲ ਇਸ ਦੀ ਵਕਾਲਤ ਕਰਦਾ ਹੈ। |
| **ਸਵੈ-ਨਿਯੰਤ੍ਰਣ** | ਵਿਦਿਆਰਥੀ:<br>• ਆਪਣੇ ਵਿਅਕਤੀਗਤ ਟੀਚੇ ਤੈਅ ਕਰਦਾ ਹੈ ਅਤੇ ਉਹਨਾਂ ਨੂੰ ਹਾਸਲ ਕਰਨ ਲਈ ਪ੍ਰਗਤੀ ਦੀ ਨਿਗਰਾਨੀ ਕਰਦਾ ਹੈ;<br>• ਲੋੜ ਪੈਣ 'ਤੇ ਸਪਸ਼ਟੀਕਰਨ ਅਤੇ ਸਹਾਇਤਾ ਮੰਗਦਾ ਹੈ;<br>• ਆਪਣੀਆਂ ਖੁਦ ਦੀਆਂ ਮਜਬੂਤੀਆਂ, ਲੋੜਾਂ ਅਤੇ ਦਿਲਚਸਪੀਆਂ ਦਾ ਮੁਲਾਂਕਣ ਕਰਦਾ ਹੈ ਅਤੇ ਆਲੋਚਨਾਤਮਕ ਢੰਗ ਨਾਲ ਪ੍ਰਤੀਬਿੰਬਤ ਕਰਦਾ ਹੈ;<br>• ਨਿਜੀ ਲੋੜਾਂ ਨੂੰ ਪੂਰਾ ਕਰਨ ਅਤੇ ਟੀਚਿਆਂ ਨੂੰ ਹਾਸਲ ਕਰਨ ਲਈ ਸਿੱਖਣ ਵਾਲੇ ਮੌਕਿਆਂ, ਚੋਣਾਂ ਅਤੇ ਰਣਨੀਤੀਆਂ ਦੀ ਪਛਾਣ ਕਰਦਾ ਹੈ;<br>• ਚੁਣੌਤੀਆਂ ਦਾ ਜਵਾਬ ਦੇਣ ਲਈ ਡਟਿਆ ਰਹਿੰਦਾ ਹੈ ਅਤੇ ਕੋਸ਼ਿਸ਼ ਕਰਦਾ ਹੈ। |

*ਗਰੋਇੰਗ ਸਕਸੈਸ* **– ਅਸੈਸਮੈਂਟ ਇਵੈਲੂਏਸ਼ਨ ਐਂਡ ਰਿਪੋਰਟਿੰਗ ਇਨ ਓਂਟੇਰੀਓ ਸਕੂਲਜ਼,** (***Growing Success*** **– Assessment, Evaluation and Reporting in Ontario Schools),** ਓਂਟੇਰੀਓ ਮਨਿਸਟ੍ਰੀ ਆਫ਼ ਐਜੂਕੇਸ਼ਨ (Ontario Ministry of Education) ਵੱਲੋਂ, ਪਹਿਲਾ ਸੰਸਕਰਨ, 2010 (11 ਸਫੇ)